SERVIZIO SANITARIO REGIONALE
EMILIA-ROMAGNA
Azienda Ospedaliera di Reggio Emilia

Istituto in tecnologie avanzate e modelli assistenziali in oncologia
Istituto di Ricovero e Cura a Carattere Scientifico

Arcispedale S. Maria Nuova
Dipartimento Tecnologie Avanzate
Gastroenterologia - Endoscopia Digestiva

Dott. Romano Sassatelli - Direttore

# PREPARAZIONE ALLA COLONSCOPIA
# ਕੋਲਨੋਸਕੋਪੀ ਲਈ ਤਿਆਰੀ

ਇਸ ਟੈਸਟ ਲਈ ਤਿਆਰੀ ਕਰਦੇ ਸਮੇਂ, ਤੁਸੀਂ ਚਲ ਰਹੇ ਇਲਾਜ ਨੂੰ ਜਾਰੀ ਰੱਖ ਸਕਦੇ ਹੋ (ਦਿਲ, ਫੇਫੜਿਆਂ ਸਬੰਧੀ, ਬਲੱਡ ਪ੍ਰੈਸ਼ਰ, ਸਰਕੂਲੇਸ਼ਨ, ਐਂਟੀ ਐਗਰੀਗੇਟ, ਆਦਿ) - ਇੱਥੋਂ ਤੱਕ ਕਿ ਟੈਸਟ ਵਾਲੇ ਦਿਨ ਵੀ।
ਹੋ ਸਕਦਾ ਹੈ ਕਿ ਕਿਸੇ ਹੋਰ ਜੁਲਾਬ-ਆਵਰ ਲੈਣ ਦੀ ਲੋੜ **ਨਾ** ਪਏ।
ਹੋ ਸਕਦਾ ਹੈ ਕਿ ਟੈਸਟ ਵਾਲੇ ਦਿਨ ਔਰਤਾਂ ਤੇ ਟੈਂਪੋਨ ਦੀ ਲੋੜ **ਨਾ** ਪਏ।
ਡਾਕਟਰ ਦੇ ਆਦੇਸ਼ਾਂ ਮੁਤਾਬਕ ਐਂਟੀ ਕੌਗਲੈਂਟ (ਖ਼ੂਨ ਦੇ ਜਮਾਓ ਨਿਰੋਧਕ) ਥੈਰੇਪੀ ਨੂੰ ਮੁਲਤਵੀ ਕਰ ਦਿਓ

## INDICAZIONI PER LA PULIZIA DELL’INTESTINO
## ਅੰਤੜੀ ਦੀ ਸਫਾਈ ਲਈ ਹਦਾਇਤਾਂ

ਟੈਸਟ ਤੋਂ ਪਹਿਲਾਂ ਹਫਤੇ ਦੌਰਾਨ ਫਲ ਅਤੇ ਸਬਜ਼ੀਆਂ **ਨਾ ਖਾਓ** (ਛਿਲਕੇ ਵਾਲੀਆਂ ਚੀਜ਼ਾਂ ਅਤੇ ਬੀਜ ਟੈਸਟ ਕਰਨਾ ਮੁਸ਼ਕਿਲ ਬਣਾ ਦਿੰਦੇ ਹਨ; ਕਿਵੀ, ਸਟ੍ਰਾਬਰੀਆਂ ਅਤੇ ਅੰਗੂਰਾਂ ਲਈ ਇਹ ਖਾਸ ਤੌਰ ’ਤੇ ਸਹੀ ਹੈ)।

ਅੱਗੇ ਦਿੱਤੇ ਪੇਯ ਪਦਾਰਥ ਤਿਆਰੀ ਕਰਨ ਸਮੇਂ ਅਤੇ ਟੈਸਟ ਤੋਂ ਦੋ ਘੰਟੇ ਪਹਿਲਾਂ ਤੱਕ ਲਏ ਜਾ ਸਕਦੇ ਹਨ: ਪਾਣੀ, ਚਾਹ, ਕੈਮੋਮਾਈਲ ਚਾਹ ਅਤੇ ਜੌਂ ਦਾ ਪਾਣੀ - ਇੱਥੋਂ ਤੱਕ ਖੰਡ ਨਾਲ ਮਿੱਠੀਆਂ ਕੀਤੀਆਂ ਗਈਆਂ ਚੀਜ਼ਾਂ।
ਕੀ ਖਾਣਾ ਹੈ:
- ਟੈਸਟ ਤੋਂ ਪਹਿਲਾਂ ਸ਼ਾਮ ਨੂੰ, ਤੁਸੀਂ ਬਿਨਾਂ ਸਬਜ਼ੀਆਂ ਦੇ ਸੂਪ, ਤੇ ਇਸ ਤੋਂ ਇਲਾਵਾ ਸਿਮੋਲੀਨਾ ਜਾਂ ਮਾਸ ਦਾ ਸ਼ੋਰਬਾ ਲੈ ਸਕਦੇ ਹੋ;
- ਟੈਸਟ ਵਾਲੇ ਦਿਨ ਸਵੇਰ ਦੇ ਨਾਸ਼ਤੇ ਲਈ, ਤੁਸੀਂ ਲੈ ਸਕਦੇ ਹੋ: ਚਾਹ, ਕੌਫੀ, ਸ਼ਹਿਦ, ਖੰਡ ਅਤੇ ਜਵੀਬੈਕ (ਇੱਕ ਤਰ੍ਹਾਂ ਦੀ ਡਬਲਰੋਟੀ) ਦੇ ਦੋ ਜਾਂ ਤਿੰਨ ਟੁਕੜੇ ਲੈ ਸਕਦੇ ਹੋ।

ਮਹੱਤਵਪੂਰਨ: ਤਿਆਰ ਕੀਤੇ ਘੋਲ ਨੂੰ ਪੀਣ ਸਮੇਂ ਜੀ ਕੱਚਾ ਹੋਣ ਜਾਂ ਬੇਸੁਆਦੇ ਹੋਣ ਦਾ ਅਹਿਸਾਸ ਹੋਣਾ ਆਮ ਹੈ ਅਤੇ ਇਹ ਚਿੰਤਾ ਦਾ ਵਿਸ਼ਾ ਨਹੀਂ ਹੈ।
ਸਿਰਫ ਤਿਆਰ ਕੀਤੇ ਘੋਲ ਨੂੰ ਹੌਲੀ-ਹੌਲੀ, ਛੋਟੀਆਂ ਚੁਸਕੀਆਂ ਨਾਲ ਪੀਓ (ਜੇ ਇਸ ਨੂੰ ਫ੍ਰਿਜ ਵਿੱਚ ਰੱਖਿਆ ਜਾਂਦਾ ਹੈ ਤਾਂ ਇਸ ਦਾ ਬਿਹਤਰ ਸਵਾਦ ਹੋਵੇਗਾ)
ਹੋਰਨਾਂ ਪੇਯ ਪਦਾਰਥਾਂ ਵਿੱਚ ਰਲਾ ਕੇ ਸੁਆਦ ਵਿੱਚ ਸੁਧਾਰ ਲਿਆਇਆ ਜਾ ਸਕਦਾ ਹੈ।
**ਐਪਰ, ਟੈਸਟ ਨੂੰ ਢੁਕਵੇਂ ਢੰਗ ਨਾਲ ਕਰਨ ਲਈ, ਅੰਤੜੀ ਸਾਫ ਕਰਨ ਵਾਲੇ ਘੋਲ ਦੀ ਮੁਕੰਮਲ ਮਾਤਰਾ ਲਾਜ਼ਮੀ ਤੌਰ ’ਤੇ ਪੀਣੀ ਚਾਹੀਦੀ ਹੈ।**

SERVIZIO SANITARIO REGIONALE
EMILIA-ROMAGNA
Azienda Ospedaliera di Reggio Emilia

Istituto in tecnologie avanzate e modelli assistenziali in oncologia
Istituto di Ricovero e Cura a Carattere Scientifico

Arcispedale S. Maria Nuova
Dipartimento Tecnologie Avanzate
Gastroenterologia - Endoscopia Digestiva

Dott. Romano Sassatelli - Direttore

# MODALITÀ DI ASSUNZIONE DEL PREPARATO PER LA PULIZIA DELL'INTESTINO
# ਅੰਤੜੀਆਂ ਦੀ ਸਫਾਈ ਕਰਨ ਵਾਲੇ ਤਿਆਰ ਘੋਲ ਨੂੰ ਕਿਵੇਂ ਪੀਣਾ ਹੈ

## PREPARATO AD ALTO VOLUME SELG ESSE 1000
(Prodotto a base di Sodio solfato e Polietilenglicole - PEG)
## SELG-ESSE 1000 ਹਾਈ–ਵਾਲਿਊਮ ਤਿਆਰ ਕੀਤਾ ਘੋਲ
(ਉਤਪਾਦ ਵਿੱਚ ਸੋਡੀਅਮ ਸਲਫੇਟ (sodium sulphate) ਅਤੇ ਪੋਲੀਥਾਈਲੀਨ ਗਲਾਈਕੋਲ (polyethylene glycol) - PEG ਸ਼ਾਮਲ ਹੈ।)

## COME ASSUMERE IL PREPARATO
## ਤਿਆਰ ਕੀਤੇ ਘੋਲ ਨੂੰ ਕਿਵੇਂ ਪੀਣਾ ਹੈ

SELG (SELG) ਦੀ ਸ਼ਮੂਲੀਅਤ ਵਾਲੇ ਚਾਰ ਪੈਕਟਾਂ ਵਿੱਚੋਂ ਹਰੇਕ ਨੂੰ 1 ਲਿਟਰ **ਕਾਰਬੋਨੇਟ–ਰਹਿਤ** ਪਾਣੀ ਵਿੱਚ ਘੋਲੋ।
**ਹਰੇਕ** 15 **ਮਿੰਟਾਂ** ਬਾਅਦ ਜਲਦੀ ਨਾਲ ਘੋਲ ਦਾ ਵੱਡਾ ਗਿਲਾਸ ਪੀਓ।
ਜੇ ਅੰਤੜੀ ਪੂਰੀ ਤਰ੍ਹਾਂ ਨਾਲ ਸਾਫ ਨਹੀਂ ਹੁੰਦੀ (ਜਿਸ ਦਾ ਅਰਥ ਹੈ, ਅੰਤਮ ਡਿਸਚਾਰਜ ਸਾਫ ਤਰਲ ਦਾ ਹੋਣਾ ਚਾਹੀਦਾ ਹੈ) ਤਾਂ ਟੈਸਟ ਤੋਂ 2–3 ਘੰਟੇ ਪਹਿਲਾਂ, ਇੱਕ ਹੋਰ ਲਿਟਰ ਘੋਲ ਲਾਜ਼ਮੀ ਤੌਰ 'ਤੇ ਪੀਣਾ ਚਾਹੀਦਾ ਹੈ।

## QUANDO ASSUMERE IL PREPARATO
## ਤਿਆਰ ਕੀਤਾ ਘੋਲ ਕਦੋਂ ਲੈਣਾ ਹੈ

**ਜੇ ਤੁਹਾਡੀ ਕੋਲਨੋਸਕੋਪੀ ਸਵੇਰ ਵੇਲੇ ਹੈ (ਸਵੇਰੇ 9:00 ਤੋਂ ਬਾਅਦ ਦੁਪਹਿਰ 1:00 ਵਜੇ)**

ਐਂਡੋਸਕੋਪੀ ਤੋਂ ਪਹਿਲਾਂ ਸ਼ਾਮ ਸਮੇਂ, ਸ਼ਾਮ 6:00 ਵਜੇ ਤੋਂ ਰਾਤ 9:00 ਵਜੇ:
3 ਲਿਟਰ ਪਾਣੀ ਵਿੱਚ ਮਿਲਾਏ ਤਿਆਰ ਘੋਲ ਦੇ 3 ਪੈਕੇਟ ਪੀਓ (ਹਰੇਕ ਘੰਟੇ 1 ਲਿਟਰ)।
ਟੈਸਟ ਵਾਲੀ ਸਵੇਰ ਨੂੰ, ਸਵੇਰੇ 7:00 ਵਜੇ ਤੋਂ 8:00 ਵਜੇ:
ਇੱਕ ਲਿਟਰ ਪਾਣੀ ਵਿੱਚ ਮਿਲਾਏ ਤਿਆਰ ਘੋਲ ਦਾ ਇੱਕ ਪੈਕੇਟ ਪੀਓ।

**ਜੇ ਤੁਹਾਡੀ ਕੋਲਨੋਸਕੋਪੀ ਬਾਅਦ ਦੁਪਹਿਰ ਨੂੰ ਹੈ (ਬਾਅਦ ਦੁਪਹਿਰ 2:00 ਵਜੇ ਤੋਂ ਬਾਅਦ)**

ਐਂਡੋਸਕੋਪੀ ਤੋਂ ਪਹਿਲਾਂ ਸ਼ਾਮ ਸਮੇਂ, ਸ਼ਾਮ 6:00 ਵਜੇ ਤੋਂ ਰਾਤ 8:00 ਵਜੇ:
ਅੰਤੜੀ ਸਾਫ ਕਰਨ ਵਾਲੇ ਤਿਆਰ ਕੀਤੇ ਘੋਲ ਦੀ ਅੱਧੀ ਖੁਰਾਕ (2ਲਿਟਰ) ਪੀਓ।
ਟੈਸਟ ਵਾਲੀ ਸਵੇਰ ਨੂੰ, ਸਵੇਰੇ 9:00 ਵਜੇ ਤੋਂ 11:00 ਵਜੇ:
ਤਿਆਰ ਘੋਲ ਦੀ ਇੱਕ ਹੋਰ ਅੱਧੀ ਖੁਰਾਕ ਪੀਓ (ਹੋਰ 2 ਲਿਟਰ)।

SERVIZIO SANITARIO REGIONALE
EMILIA-ROMAGNA
Azienda Ospedaliera di Reggio Emilia

Istituto in tecnologie avanzate e modelli assistenziali in oncologia
Istituto di Ricovero e Cura a Carattere Scientifico

Arcispedale S. Maria Nuova
Dipartimento Tecnologie Avanzate
Gastroenterologia - Endoscopia Digestiva

Dott. Romano Sassatelli - Direttore

ਬਦਲ ਦੇ ਤੌਰ ’ਤੇ: **PREPARATO A BASSO VOLUME MOVIPREP**
(MACROGOL 3350+ACIDO ASCORBICO )
ਮੋਵੀਪ੍ਰੈਪ ਲੋਅ-ਵਾਲਿਊਮ ਵਾਲਾ ਤਿਆਰ ਕੀਤਾ ਘੋਲ
(ਮੈਕਰੋਗੋਲ 3350+ ਐਸਕੋਰਬਿਕ ਐਸਿਡ)

ਟੈਸਟ ਦੀ ਸਹੀ ਤਰੀਕੇ ਨਾਲ ਤਿਆਰੀ ਲਈ, ਤੁਹਾਨੂੰ ਲਾਜ਼ਮੀ ਤੌਰ ’ਤੇ ਮੋਵੀਪ੍ਰੈਪ (MOVIPREP) ਦੇ 2 ਲਿਟਰ ਪੀਣੇ ਚਾਹੀਦੇ ਹਨ। ਪੈਕੇਜ ਵਿੱਚ 2 ਸਾਫ ਬੈਗ ਸ਼ਾਮਲ ਹੁੰਦੇ ਹਨ। ਹਰੇਕ ਸਾਫ ਬੈਗ ਵਿੱਚ, ਤੁਸੀਂ ਇੱਕ ਵੱਡਾ ਪੈਕੇਟ A ਅਤੇ ਛੋਟਾ ਪੈਕੇਟ B ਦੇਖੋਗੇ।
ਇੱਕ ਲਿਟਰ ਮੋਵੀਪ੍ਰੈਪ (MOVIPREP) ਇੱਕ ਪੈਕੇਟ A ਅਤੇ ਇੱਕ ਪੈਕੇਟ B ਨੂੰ 1 ਲਿਟਰ ਪਾਣੀ ਵਿੱਚ ਪੂਰੀ ਤਰ੍ਹਾਂ ਨਾਲ ਘੋਲ ਕੇ ਉਦੋਂ ਤੱਕ ਤਿਆਰ ਕੀਤਾ ਜਾਂਦਾ ਹੈ ਜਦੋਂ ਤੱਕ ਸਾਫ ਤਰਲ ਪ੍ਰਾਪਤ ਨਾ ਕਰ ਲਿਆ ਜਾਵੇ। ਇਸ ਘੋਲ ਦਾ 1 ਲਿਟਰ 1 ਘੰਟੇ ਵਿੱਚ ਪੀਓ (ਹਰੇਕ 10-15 ਮਿੰਟ ਨੂੰ ਇੱਕ ਪੂਰਾ ਗਲਾਸ)। ਇਸ ਤੋਂ ਬਾਅਦ ਉਸੇ ਤਰੀਕੇ ਨਾਲ ਤਿਆਰ ਕੀਤਾ ਇੱਕ ਹੋਰ ਲਿਟਰ ਮੋਵੀਪ੍ਰੈਪ (MOVIPREP) ਦਾ ਪੀਓ।
ਟੈਸਟ ਦੀ ਤਿਆਰੀ ਲਈ, ਤੁਹਾਨੂੰ ਲਾਜ਼ਮੀ ਤੌਰ ’ਤੇ ਸਾਫ ਤਰਲ ਪਦਾਰਥਾਂ, ਜਿਵੇਂ ਕਿ ਪਾਣੀ, ਚਾਹ ਜਾਂ ਕੈਮੋਮਾਈਲ ਚਾਹ, ਦਾ ਇੱਕ ਹੋਰ ਲਿਟਰ ਪੀਣਾ ਚਾਹੀਦਾ ਹੈ।

**CONTROINDICAZIONI – ਅੰਤਰਵਿਰੋਧਤਾਵਾਂ**:
ਅੱਗੇ ਦਿੱਤੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ **ਲਾਜ਼ਮੀ ਤੌਰ ’ਤੇ ਇਸ ਤਿਆਰ ਘੋਲ ਨੂੰ ਨਹੀਂ ਪੀਣਾ ਚਾਹੀਦਾ: ਫਿਨਾਇਲਕਿਟੋਨੂਰੀਆ (fenilchetonuria)** (ਤਿਆਰ ਘੋਲ ਵਿੱਚ ਐਸਪਾਰਟੇਮ ਸ਼ਾਮਲ ਹੁੰਦਾ ਹੈ) ਅਤੇ **ਫੇਵਿਜ਼ਮ (favismo)**, ਜੋ ਗੁਲੂਕੋਜ਼-6-ਫਾਸਫੇਟ ਡੀਹਾਈਡ੍ਰੋਜੀਨੇਸ ਘਾਟ ਵੱਜੋਂ ਵੀ ਜਾਣੀ ਜਾਂਦੀ ਹੈ (ਤਿਆਰ ਘੋਲ ਵਿੱਚ ਐਸਕੋਰਬਿਕ ਐਸਿਡ/ਐਸਕੋਰਬੇਟ ਸ਼ਾਮਲ ਹੁੰਦਾ ਹੈ)

**ਜੇ ਤੁਹਾਡੀ ਕੋਲਨੋਸਕੋਪੀ ਸਵੇਰ ਵੇਲੇ ਹੈ (ਸਵੇਰੇ 9:00 ਤੋਂ ਬਾਅਦ ਦੁਪਹਿਰ 1:00 ਵਜੇ)**

ਐਂਡੋਸਕੋਪੀ ਤੋਂ ਪਹਿਲਾਂ ਸ਼ਾਮ ਸਮੇਂ, ਸ਼ਾਮ 6:00 ਵਜੇ ਤੋਂ ਸ਼ਾਮ 7:00 ਵਜੇ:
1 ਲਿਟਰ ਘੋਲ ਪੀਓ, ਅਤੇ ਠੀਕ ਇਸ ਤੋਂ ਬਾਅਦ, ਪਾਣੀ ਜਾਂ ਪੇਯ ਪਦਾਰਥ (ਚਾਹ, ਕੈਮੋਮਾਈਲ ਚਾਹ) ਦਾ ਇੱਕ ਦੂਜਾ ਲਿਟਰ
ਟੈਸਟ ਵਾਲੀ ਸਵੇਰ ਨੂੰ, ਸਵੇਰੇ 7:00 ਵਜੇ ਤੋਂ 8:00 ਵਜੇ:
ਘੋਲ ਦਾ ਇੱਕ ਹੋਰ ਲਿਟਰ ਘੋਲ ਪੀਓ (ਅਤੇ, ਠੀਕ ਇਸ ਤੋਂ ਬਾਅਦ, ਪਾਣੀ ਦਾ ਇੱਕ ਹੋਰ ਲਿਟਰ)।

**ਜੇ ਤੁਹਾਡੀ ਕੋਲਨੋਸਕੋਪੀ ਬਾਅਦ ਦੁਪਹਿਰ ਨੂੰ ਹੈ (ਬਾਅਦ ਦੁਪਹਿਰ 2:00 ਵਜੇ ਤੋਂ ਬਾਅਦ)**

ਐਂਡੋਸਕੋਪੀ ਤੋਂ ਪਹਿਲਾਂ ਸ਼ਾਮ ਸਮੇਂ, ਸ਼ਾਮ 6:00 ਵਜੇ ਤੋਂ 7:00 ਵਜੇ:
1 ਲਿਟਰ ਪਾਣੀ ਵਿੱਚ ਘੋਲ ਕੇ ਤਿਆਰ ਕੀਤੇ ਘੋਲ ਦੇ 2 ਪੈਕੇਟ (1 ਪੈਕੇਟ A + 1 ਪੈਕੇਟ B) ਪੀਓ, ਠੀਕ ਇਸ ਤੋਂ ਬਾਅਦ, ਪਾਣੀ ਦਾ ਇੱਕ ਹੋਰ ਲਿਟਰ ਪੀਓ।
ਟੈਸਟ ਵਾਲੀ ਸਵੇਰ ਨੂੰ, ਸਵੇਰੇ 10:00 ਵਜੇ ਤੋਂ 11:00 ਵਜੇ:
1 ਲਿਟਰ ਪਾਣੀ ਵਿੱਚ ਘੋਲ ਕੇ ਤਿਆਰ ਕੀਤੇ ਘੋਲ ਦੇ 2 ਪੈਕੇਟ (1 ਪੈਕੇਟ A + 1 ਪੈਕੇਟ B) ਪੀਓ, ਠੀਕ ਇਸ ਤੋਂ ਬਾਅਦ, ਪਾਣੀ ਦਾ ਇੱਕ ਹੋਰ ਲਿਟਰ ਪੀਓ।